# COVID-19 ਨੂੰ ਫੈਲਣ ਤੋਂ ਰੋਕਣ ਲਈ ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ 17 ਅਪ੍ਰੈਲ ਤੋਂ ਹੋਣ ਵਾਲੀਆਂ ਤਬਦੀਲੀਆਂ

ਬ੍ਰੈਂਪਟਨ, ਓਨਟੈਰੀਓ (16 ਅਪ੍ਰੈਲ, 2020) – COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੂਪ ਨਾਲ ਸੇਵਾ ਦੇ ਰਿਹਾ ਹੈ, ਸ਼ੁੱਕਰਵਾਰ, 17 ਅਪ੍ਰੈਲ ਤੋਂ ਅਗਲੇ ਨੋਟਿਸ ਤੱਕ, ਬੱਸ ਸੇਵਾ ਵਿੱਚ ਇਸ ਤਰ੍ਹਾਂ ਤਬਦੀਲੀ ਕੀਤੀ ਜਾਵੇਗੀ।

ਹੇਠਾਂ ਦਿੱਤੇ ਰੂਟਾਂ ਤੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸੇਵਾ ਦੁਬਾਰਾ ਚਾਲੂ ਕੀਤੀ ਜਾਵੇਗੀ। ਇਸ ਨਾਲ ਬ੍ਰੈਂਪਟਨ ਵਿੱਚ ਲੋਕਾਂ ਨੂੰ ਹਸਪਤਾਲਾਂ ਜਿਹੀਆਂ ਸਿਹਤ ਦੇਖਭਾਲ ਫੈਸਿਲਿਟੀਜ ਤੱਕ ਅਤੇ ਕਾਰਜ ਸਥਾਨਾਂ ਤੱਕ ਅਸਾਨੀ ਨਾਲ ਪਹੁੰਚਣ ਵਿੱਚ ਮਦਦ ਮਿਲੇਗੀ। ਸਾਡੇ ਕੋਲ ਜਿੰਨੇ ਵੀ ਟ੍ਰਾਂਜ਼ਿਟ ਓਪਰੇਟਰ ਉਪਲਬਧ ਹਨ, ਉਹਨਾਂ ਦੇ ਨਾਲ ਇਹਨਾਂ ਬੱਸ ਸੇਵਾਵਾਂ ਨੂੰ ਕਾਇਮ ਰੱਖਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।

**ਰੂਟ 8 ਸੈਂਟਰ (Route 8 Centre)**

***ਇਹ ਰੂਟ ਬ੍ਰੈਮਲੀ ਸਿਟੀ ਸੈਂਟਰ (Bramalea City Centre), ਪੀਲ ਮੈਮੋਰੀਅਲ ਸੈਂਟਰ (Peel Memorial Centre) ਅਤੇ ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal) ਤੱਕ ਜਾਵੇਗਾ।***

- ਬੱਸਾਂ ਹਰੇਕ 50 ਮਿੰਟਾਂ ਬਾਅਦ ਆਉਣਗੀਆਂ
- ਬ੍ਰੈਮਲੀ ਟਰਮੀਨਲ (Bramalea Terminal) ਤੋਂ ਪਹਿਲੀ ਬੱਸ ਸਵੇਰੇ 5 ਵਜੇ ਚੱਲੇਗੀ
- ਬ੍ਰੈਂਪਟਨ ਗੇਟਵੇ ਟਰਮੀਨਲ ਤੋਂ ਪਹਿਲੀ ਬੱਸ ਸਵੇਰੇ 5:50 ਵਜੇ ਚੱਲੇਗੀ

**ਰੂਟ 9 ਵੋਡਨ (Route 9 Vodden)**

***ਇਹ ਰੂਟ ਮਾਊਂਟ ਪਲੈਜ਼ੈਂਟ ਗੋ (Mount Pleasant GO), ਬ੍ਰੈਮਲੀ ਟਰਮੀਨਲ (Bramalea Terminal) ਅਤੇ ਈਸਟ ਐਂਡ (ਪੂਰਬ ਦਿਸ਼ਾ ਦੇ ਅੰਤ ਤੱਕ) ਦੇ ਕਾਰਜ ਸਥਾਨਾਂ ਤੱਕ ਜਾਵੇਗਾ।***

- ਬੱਸਾਂ ਹਰੇਕ 60 ਮਿੰਟਾਂ ਬਾਅਦ ਆਉਣਗੀਆਂ
- ਮਾਊਂਟ ਪਲੈਜ਼ੈਂਟ ਗੋ ਤੋਂ ਪੂਰਬ ਦਿਸ਼ਾ ਵੱਲ ਨੂੰ ਪਹਿਲੀ ਬੱਸ ਸਵੇਰੇ 5 ਵਜੇ ਚੱਲੇਗੀ
- ਵਿਲੀਅਮਸ ਪਾਰਕਵੇ (Williams Parkway) ਅਤੇ ਐਡਵੈਕ ਡ੍ਰਾਈਵ (Edvac Drive) ਤੋਂ ਪੱਛਮ ਦਿਸ਼ਾ ਵੱਲ ਨੂੰ ਪਹਿਲੀ ਬੱਸ ਸਵੇਰੇ 5:57 ਵਜੇ ਚੱਲੇਗੀ

**ਰੂਟ 52 ਮੈਕਮਰਚੀ (Route 52 McMurchy)**

***ਇਹ ਰੂਟ ਡਾਊਨਟਾਊਨ ਟਰਮੀਨਲ (Downtown Terminal) ਅਤੇ ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal) ਤੱਕ ਜਾਵੇਗਾ।***

- ਬੱਸਾਂ ਹਰੇਕ 50 ਮਿੰਟਾਂ ਬਾਅਦ ਆਉਣਗੀਆਂ
- ਬ੍ਰੈਂਪਟਨ ਗੇਟਵੇ ਟਰਮੀਨਲ ਤੋਂ ਉੱਤਰ ਦਿਸ਼ਾ ਵੱਲ ਨੂੰ ਪਹਿਲੀ ਬੱਸ ਸਵੇਰੇ 5 ਵਜੇ ਚੱਲੇਗੀ
- ਡਾਊਨਟਾਊਨ ਟਰਮੀਨਲ ਤੋਂ ਦੱਖਣ ਦਿਸ਼ਾ ਵੱਲ ਨੂੰ ਪਹਿਲੀ ਬੱਸ ਸਵੇਰੇ 5:20 ਵਜੇ ਚੱਲੇਗੀ

Service and Information Update

ਇਸ ਵੇਲੇ ਜਿਹਨਾਂ ਰੂਟਾਂ ਤੇ ਸੇਵਾ ਚਾਲੂ ਹੈ, ਉਹਨਾਂ ਦੀ ਅਤੇ ਉਹਨਾਂ ਦੇ ਸ਼ੈਡਿਊਲ ਦੀ ਸੂਚੀ ਲਈ www.bramptontransit.com ਤੇ ਜਾਓ।

ਵਾਧੂ ਬੱਸਾਂ ਨੂੰ, ਬ੍ਰੈਂਪਟਨ ਟ੍ਰਾਂਜ਼ਿਟ ਦੇ ਕੁਝ ਵਿਅਸਤ ਰੂਟਾਂ ਤੇ ਲਗਾ ਦਿੱਤਾ ਗਿਆ ਹੈ ਕਿਉਂਕਿ ਅਸੀਂ ਸਰੀਰਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ ਬੱਸਾਂ ਵਿੱਚ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲੈ ਰਹੇ ਹਾਂ। ਸਾਡਾ ਟੀਚਾ, ਉਪਲਬਧ ਸਰੋਤਾਂ ਦੇ ਮੁਤਾਬਕ ਵੱਧ ਤੋਂ ਵੱਧ ਸੇਵਾ ਪ੍ਰਦਾਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਸਿਟੀ ਦੇ ਸਾਰੇ ਖੇਤਰਾਂ ਵਿੱਚ ਪਬਲਿਕ ਟ੍ਰਾਂਜ਼ਿਟ ਦੀ ਉਚਿਤ ਪਹੁੰਚ ਹੋਵੇ।

**COVID-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਫ਼ਰ ਕਰਦੇ ਸਮੇਂ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ।

ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca